**ਤੀਸਰਾ ਐਪੀਸੋਡ**
**ਸਿੱਖ ਆਫ ਅਮਰੀਕਾ ਵਰਲਡ ਕੰਪੀਟੀਸ਼ਨ**
**ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ**
**ਜਵਾਬ ਵਿਸਥਾਰ ਵਿੱਚ ਦਿੱਤੇ ਜਾਣ**

## ਸ੍ਰੀ ਗੁਰੂ ਹਰਕ੍ਰਿਸ਼ਨ ਜੀ

ਪ1.ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਕਦੋਂ ਹੋਇਆ?
ੳ. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਸਾਉਣ ਵਦੀ ਦਸ 8 ਸਾਉਣ ਬਿਕਰਮੀ ਸੰਮਤ 1713, ਸੱਤ ਜੁਲਾਈ 1656 ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਉਹ ਸ੍ਰੀ ਗੁਰੂ ਹਰ ਰਾਏ ਜੀ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਛੋਟੇ ਸਪੁੱਤਰ ਸਨ। ਉਨ੍ਹਾਂ ਦੇ ਵੱਡੇ ਭਰਾ ਰਾਮ ਰਾਇ ਨੂੰ ਸ੍ਰੀ ਗੁਰੂ ਹਰ ਰਾਏ ਜੀ ਵੱਲੋਂ ਗੁਰੂ ਘਰ ਵਿਰੁੱਧ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਕਾਰਨ ਪੰਥ ਵਿੱਚੋਂ ਛੇਕ ਦਿੱਤਾ ਸੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਪੰਜ ਸਾਲ ਦੀ ਉਮਰ ਵਿੱਚ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ 1661 ਨੂੰ ਗੁਰਤਾ ਗੱਦੀ ਸੌਂਪ ਦਿੱਤੀ ਸੀ।ਇਸ ਗੱਲ ਤੋਂ ਰਾਮ ਰਾਏ ਬਹੁਤ ਸਾੜਾ ਸੀ ਅਤੇ ਉਸ ਨੇ ਇਸ ਫੈਸਲੇ ਵਿਰੁੱਧ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ।

ਪ2. ਬਾਦਸ਼ਾਹ ਨੇ ਕੀ ਜਵਾਬ ਦਿੱਤਾ?
ੳ. ਬਾਦਸ਼ਾਹ ਨੇ ਇਹ ਰਾਮ ਰਾਏ ਦੇ ਹੱਕ ਵਿੱਚ ਫੈਸਲਾ ਲੈਂਦਿਆਂ ਰਾਜਾ ਜੈ ਸਿੰਘ ਦੇ ਰਾਹੀਂ ਗੁਰੂ ਸਾਹਿਬ ਨੂੰ ਪੇਸ਼ ਹੋਣ ਲਈ ਸੁਨੇਹਾ ਭੇਜਿਆ। ਰਾਜਾ ਜੈ ਸਿੰਘ ਨੇ ਆਪਣਾ ਦਲ ਗੁਰੂ ਸਾਹਿਬ ਨੂੰ ਦਿੱਲੀ ਪੇਸ਼ ਕਰਨ ਵਾਸਤੇ ਕੀਰਤਪੁਰ ਸਾਹਿਬ ਭੇਜਿਆ।ਪਹਿਲਾਂ ਤਾਂ ਗੁਰੂ ਜੀ ਨੇ ਜਾਣ ਤੋਂ ਮਨ੍ਹਾ ਕਰ ਦਿੱਤਾ ਪਰ ਬਾਅਦ ਵਿੱਚ ਸੰਗਤਾਂ ਅਤੇ ਰਾਜਾ ਜੈ ਸਿੰਘ ਦੇ ਵਾਰ ਵਾਰ ਬੇਨਤੀ ਕਰਨ ਤੇ ਉਹ ਦਿੱਲੀ ਜਾਣ ਲਈ ਰਾਜ਼ੀ ਹੋਏ।ਇਸ ਸਮੇਂ ਸਮਾਜ ਦੇ ਵੱਖ ਵੱਖ ਵਰਗਾਂ ਤੋਂ ਲੋਕ ਗੁਰੂ ਸਾਹਿਬ ਨੂੰ ਵਿਦਾਈ ਦੇਣ ਲਈ ਹਾਜ਼ਰ ਹੋਏ ਉਨ੍ਹਾਂ ਅੰਬਾਲਾ ਨੇੜੇ ਸਥਿਤ ਪੰਜੋਕੜਾ ਪਿੰਡ ਤੱਕ ਗੁਰੂ ਸਾਹਿਬ ਦੇ ਨਾਲ ਆਏ ਉਥੋਂ ਗੁਰੂ ਜੀ ਨੇ ਉਨ੍ਹਾਂ ਨੂੰ ਵਾਪਸ ਮੁੜਨ ਲਈ ਕਿਹਾ।

ਪ3. ਗੁਰੂ ਸਾਹਿਬ ਆਪਣੇ ਪਰਿਵਾਰ ਦੇ ਕੁਝ ਜੀਆਂ ਸਮੇਤ ਕਿਸ ਪਾਸੇ ਵੱਲ ਵਧੇ?
ੳ.ਗੁਰੂ ਸਾਹਿਬ ਆਪਣੇ ਪਰਿਵਾਰ ਦੇ ਜੀਆਂ ਸਮੇਤ ਦਿੱਲੀ ਵੱਲ ਵਧੇ। ਦਿੱਲੀ ਜਾਣ ਤੋਂ ਪਹਿਲਾਂ ਗੁਰੂ ਜੀ ਵੱਲੋਂ ਅਕਾਲ ਪੁਰਖ ਵਲੋਂ ਬਖਸ਼ਿਸ਼ ਕੀਤੀਆਂ ਤਾਕਤਾਂ ਦਾ ਕੌਤਕ ਸੰਗਤਾਂ ਨੂੰ ਦਿਖਾਇਆ। ਸਾਹਿਤ ਦੇ ਮਹਾਨ ਵਿਦਵਾਨ ਪੰਡਿਤ ਲਾਲ ਚੰਦ ਨੇ ਗੁਰੂ ਸਾਹਿਬ ਪਾਸੋਂ ਜਦੋਂ ਗੀਤਾ ਦੇ ਅਰਥ ਪੁੱਛੇ ਤਾਂ ਗੁਰੂ ਸਾਹਿਬ ਨੇ ਆਪਣੀ ਕਿਰਪਾ ਨਾਲ ਪਾਣੀ ਢੋਣ ਵਾਲੇ ਗੂੰਗੇ ਛੱਜੂ ਰਾਮ ਪਾਸੋਂ ਗੀਤਾ ਦੇ ਫਲਸਫੇ ਦੇ ਅਰਥ ਕਰਵਾਏ।ਛੱਜੂ ਪਾਸੋਂ ਗੀਤਾ ਦੇ ਅਰਥ ਸੁਣ ਕੇ ਪੰਡਿਤ ਲਾਲ ਚੰਦ ਦਾ ਸਿਰ ਸ਼ਰਮ ਨਾਲ ਝੁੱਕ ਗਿਆ ਅਤੇ ਉਸ ਨੇ ਗੁਰੂ ਸਾਹਿਬ ਪਾਸੋਂ ਮੁਆਫ਼ੀ ਮੰਗੀ। ਪੰਡਤ ਲਾਲ ਚੰਦ ਉਸ ਘਟਨਾ ਤੋਂ ਬਾਅਦ ਗੁਰੂ ਦਾ ਸਿੱਖ ਬਣਿਆ ਅਤੇ ਗੁਰੂ ਸਾਹਿਬ ਦੇ ਨਾਲ ਕੁਰੂਕਸ਼ੇਤਰ ਤੱਕ ਆਇਆ।

ਪ4. ਦਿੱਲੀ ਪਹੁੰਚਣ ਤੇ ਗੁਰੂ ਸਾਹਿਬ ਦਾ ਸਵਾਗਤ ਕਿਸ ਤਰ੍ਹਾਂ ਕੀਤਾ ਗਿਅ ਾ?
ੳ. ਦਿੱਲੀ ਪਹੁੰਚਣ ਤੇ ਰਾਜਾ ਜੈ ਸਿੰਘ ਅਤੇ ਸੰਗਤਾਂ ਵੱਲੋਂ ਗੁਰੂ ਸਾਹਿਬ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਗੁਰੂ ਸਾਹਿਬ ਨੂੰ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਠਹਿਰਾਇਆ ਗਿਆ ਅਤੇ ਸਮਾਜ ਦੇ ਹਰ ਵਰਗ ਦੇ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ। ਕੁਝ ਇਤਿਹਾਸਕਾਰ ਇਹ ਵੀ ਦੱਸਦੇ ਹਨ ਕਿ ਸ਼ਹਿਜ਼ਾਦਾ ਮਉਜਮ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ।

ਪ5.ਗੁਰੂ ਸਾਹਿਬ ਦੀ ਬੁੱਧੀ ਦੀ ਕਿਸ ਤਰ੍ਹਾਂ ਪ੍ਰੀਖਿਆ ਲਈ ਗਈ?
ੳ.ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਦੀ ਬੁੱਧੀ ਬਾਰੇ ਲੋਕਾਂ ਪਾਸੋਂ ਬਹੁਤ ਕੁਝ ਸੁਣਿਆ ਸੀ।ਇਸ ਦੀ ਪ੍ਰੀਖਿਆ ਲੈਣ ਲਈ ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਦੁਆਲੇ ਇੱਕੋ ਜਿਹੇ ਕੱਪੜੇ ਪਾ ਕੇ ਬੈਠੀਆਂ ਔਰਤਾਂ ਵਿੱਚੋਂ ਅਸਲੀ ਰਾਣੀ ਦੀ ਪਛਾਣ ਕਰਨ ਲਈ ਕਿਹਾ।ਗੁਰੂ ਜੀ ਉਸੇ ਸਮੇਂ ਗੋਲੀ ਦੇ ਭੇਸ ਵਿੱਚ ਬੈਠੀ ਔਰਤ ਦੀ ਗੋਦੀ ਵਿੱਚ ਬੈਠੇ ਉਹੀ ਔਰਤ ਅਸਲ ਰਾਣੀ ਸੀ।

ਪ6. ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਦਿੱਲੀ ਵਿੱਚ ਬਿਤਾਏ ਸਮੇਂ ਬਾਰੇ ਦੱਸੋ?
ੳ. ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਆਮ ਸੰਗਤਾਂ ਨੂੰ ਮਿਲ ਕੇ ਦਿੱਲੀ ਵਿੱਚ ਆਪਣਾ ਆਧਾਰ ਵੱਡੇ ਪੱਧਰ ਤੇ ਬਣਾਇਆ। ਉਸੇ ਹੀ ਸਮੇਂ ਦਿੱਲੀ ਵਿੱਚ ਭਿਆਨਕ ਚ ਚੇਚਕ ਅਤੇ ਹੈਜ਼ੇ ਦੀ ਬੀਮਾਰੀ ਫੈਲ ਗਈ। ਗੁਰੂ ਸਾਹਿਬ ਬਿਨਾਂ ਕਿਸੇ ਜਾਤ ਤੇ ਧਰਮ ਦੇ ਭੇਦਭਾਵ ਤੋਂ ਮਰੀਜ਼ਾਂ ਤੱਕ ਪਹੁੰਚ ਕਰ, ਉਨ੍ਹਾਂ ਨੂੰ ਤੰਦਰੁਸਤੀ ਬਖ਼ਸ਼ਣ ਲੱਗੇ।ਖਾਸ ਕਰ ਉੱਥੇ ਰਹਿਣ ਵਾਲੀ ਮੁਸਲਿਮ ਅਬਾਦੀ

ਉੱਤੇ ਗੁਰੂ ਸਾਹਿਬ ਦੇ ਇਸ ਮਨੁੱਖਤਾ ਦੀ ਸੇਵਾ ਵਾਲੇ ਰਵੱਈਏ ਦਾ ਬਹੁਤ ਅਸਰ ਹੋਇਆ ਅਤੇ ਉਹ ਗੁਰੂ ਸਾਹਿਬ ਨੂੰ 'ਬਾਲਾ ਪੀਰ' ਦੇ ਨਾਮ ਨਾਲ ਜਾਨਣ ਲੱਗੇ। ਇਸ ਸਥਿਤੀ ਨੂੰ ਭਾਂਪਦਿਆਂ ਹੋਇਆਂ ਬਾਦਸ਼ਾਹ ਔਰੰਗਜ਼ੇਬ ਨੇ ਵੀ ਗੁਰੂ ਸਾਹਿਬ ਨੂੰ ਤੰਗ ਪ੍ਰੇਸ਼ਾਨ ਨਹੀਂ ਕੀਤਾ ਅਤੇ ਰਾਮ ਰਾਏ ਵੱਲੋਂ ਲਾਏ ਝੂਠੇ ਇਲਜ਼ਾਮਾਂ ਨੂੰ ਖ਼ਾਰਜ ਕਰ ਦਿੱਤਾ।

੫7.ਕੀ ਗੁਰੂ ਸਾਹਿਬ ਵੀ ਮਹਾਂਮਾਰੀ ਦੀ ਲਪੇਟ ਵਿੱਚ ਆਏ?
ੳ. ਦਿਨ ਰਾਤ ਰੋਗੀਆਂ ਦੀ ਸੇਵਾ ਕਰਦਿਆਂ ਗੁਰੂ ਸਾਹਿਬ ਵੀ ਇਸ ਮਹਾਂਮਾਰੀ ਵਿੱਚ ਲਪੇਟ ਵਿੱਚ ਆ ਗਏ। ਉਨ੍ਹਾਂ ਨੂੰ ਬਹੁਤ ਜ਼ਿਆਦਾ ਬੁਖ਼ਾਰ ਹੋ ਗਿਆ ਅਤੇ ਚੇਚਕ ਦੀ ਬਿਮਾਰੀ ਦੇ ਭਿਆਨਕ ਹਮਲੇ ਤੋਂ ਬਾਅਦ ਉਹ ਕਈ ਦਿਨ ਮੰਜੇ ਉੱਪਰ ਰਹੇ। ਸਿਹਤ ਬਹੁਤ ਜ਼ਿਆਦਾ ਖ਼ਰਾਬ ਹੋਣ ਤੇ ਉਨ੍ਹਾਂ ਆਪਣੀ ਮਾਤਾ ਜੀ ਨੂੰ ਬੁਲਾਇਆ ਅਤੇ ਦੱਸਿਆ ਕਿ ਉਨ੍ਹਾਂ ਦਾ ਅੰਤਿਮ ਸਮਾਂ ਨਜ਼ਦੀਕ ਆ ਗਿਆ ਹੈ। ਜਦੋਂ ਉਨ੍ਹਾਂ ਨੂੰ ਅਗਲੇ ਗੱਦੀ ਨਸ਼ੀਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ 'ਬਾਬਾ ਬਕਾਲੇ'। ਇਨ੍ਹਾਂ ਲਫ਼ਜ਼ਾਂ ਤੋਂ ਭਾਵ ਗੁਰੂ ਤੇਗ਼ ਬਹਾਦਰ ਜੀ ਸੀ ਜੋ ਉਸ ਸਮੇਂ ਪੰਜਾਬ ਵਿੱਚ ਬਿਆਸ ਨਦੀ ਦੇ ਕਿਨਾਰੇ ਸਥਿਤ ਬਕਾਲਾ ਨਗਰ ਵਿੱਚ ਰਹਿ ਰਹੇ ਸਨ।

੫8.ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੀ ਕੀ ਇੱਛਾ ਸੀ?
ੳ. ਗੁਰੂ ਸਾਹਿਬ ਜੀ ਦੀ ਇੱਛਾ ਸੀ ਕਿ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕੋਈ ਵੀ ਵਿਰਲਾਪ ਨਾ ਕਰੇ ਅਤੇ ਗੁਰਬਾਣੀ ਦਾ ਕੀਰਤਨ ਕੀਤਾ ਜਾਵੇ। ਬਾਲਾ ਪੀਰ ਚੇਤ ਸੁਦੀ ਚੌਦਾਂ ਤਿੰਨ ਵੈਸਾਖ ਬਿਕਰਮੀ ਸੰਮਤ 1721, 30 ਮਾਰਚ 1661 ਨੂੰ ਵਾਹਿਗੁਰੂ ਦਾ ਜਾਪ ਕਰਦਿਆਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਵਾਰ ਸ੍ਰੀ ਭਗੌਤੀ ਜੀ ਵਿੱਚ ਕਹਿੰਦੇ ਹਨ 'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁੱਖ ਜਾਏ'।